# ਸਾਹਿਤ ਅਕਾਦਮੀ ਦੁਆਰਾ ਸ੍ਰੀ ਲਾਲ ਸ਼ੁਕਲਾ ਜਨਮ ਸ਼ਤਾਬਦੀ ਦਾ ਆਯੋਜਨ



ਸੈਮੀਨਾਰ ਦੌਰਾਨ ਜੁੜੇ ਲੇਖਕ ਅਤੇ ਵਿਦਵਾਨ।

ਨਵੀਂ ਦਿੱਲੀ, 29 ਅਗਸਤ (ਮਿਸਰਦੀਪ ਭਾਟੀਆ)- ਸਾਹਿਤ ਅਕਾਦਮੀ ਨੇ ਉੱਘੇ ਹਿੰਦੀ ਕਹਾਣੀਕਾਰ ਸ੍ਰੀ ਲਾਲ ਸ਼ੁਕਲਾ ਦੀ ਜਨਮ ਸ਼ਤਾਬਦੀ 'ਤੇ ਇਕ ਸੈਮੀਨਾਰ ਦਾ ਆਯੋਜਨ ਕੀਤਾ। ਸੈਮੀਨਾਰ ਦੇ ਸ਼ੁਰੂ 'ਚ ਸਾਹਿਤ ਅਕਾਦਮੀ ਦੁਆਰਾ ਨਿਰਮਿਤ ਅਤੇ ਸ਼ਰਦ ਦੱਤ ਦੁਆਰਾ ਨਿਰਦੇਸ਼ਿਤ ਸ੍ਰੀ ਲਾਲ ਸ਼ੁਕਲਾ 'ਤੇ ਇਕ ਦਸਤਾਵੇਜ਼ੀ ਫ਼ਿਲਮ ਦਿਖਾਈ ਗਈ। ਸਾਹਿਤ ਅਕਾਦਮੀ ਦੇ ਪ੍ਰਧਾਨ ਮਾਧਵ ਕੌਸ਼ਿਕ ਨੇ ਕਿਹਾ ਕਿ ਸ੍ਰੀ ਲਾਲ ਸ਼ੁਕਲਾ ਦੇ ਨਾਵਲ ਆਪਣੇ ਸਮੇਂ ਤੋਂ ਅੱਗੇ ਦੀਆਂ ਰਚਨਾਵਾਂ ਹਨ ਜਿਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਦੇਖਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਸਾਹਿਤ ਦੀ ਰਚਨਾ ਕਰਦਿਆਂ ਵਿਅੰਗ ਸ਼ੈਲੀ ਨੂੰ ਅਪਨਾਇਆ। ਸਾਹਿਤ ਅਕਾਦਮੀ ਦੇ ਸਕੱਤਰ ਡਾ. ਕੇ. ਸ੍ਰੀਨਿਵਾਸਰਾਓ ਨੇ ਕਿਹਾ ਕਿ ਸ੍ਰੀ ਲਾਲ ਸ਼ੁਕਲਾ ਦਾ ਸਾਹਿਤ ਸਾਨੂੰ ਸਮਾਜ ਦੀ ਅਸਲੀਅਤ ਤੋਂ ਜਾਣੂ ਕਰਵਾਉਂਦਾ ਹੈ ਅਤੇ ਵਿਅੰਗ ਰਾਹੀਂ ਸੁਧਾਰ ਲਈ ਪ੍ਰੇਰਿਤ ਕਰਦਾ ਹੈ। ਆਪਣੇ ਉਦਘਾਟਨੀ ਭਾਸ਼ਨ ਵਿਚ ਗੋਬਿੰਦ ਮਿਸ਼ਰਾ ਨੇ ਸ੍ਰੀ ਲਾਲ ਸ਼ੁਕਲਾ ਨਾਲ ਜੁੜੀਆਂ ਕੁਝ ਯਾਦਾਂ ਸੁਣਾਉਂਦੇ ਹੋਏ ਕਿਹਾ ਕਿ ਉਹ ਮੂਲ ਰੂਪ ਵਿਚ ਇਕ ਨਾਵਲਕਾਰ ਸਨ। ਆਪਣੇ ਮੁੱਖ ਭਾਸ਼ਨ ਵਿਚ ਰਾਮੇਸ਼ਵਰ ਰਾਏ ਨੇ ਕਿਹਾ ਕਿ ਆਲੋਚਨਾ ਦੇ ਔਜ਼ਾਰ ਸ੍ਰੀ ਲਾਲ ਸ਼ੁਕਲਾ ਦੀਆਂ ਲਿਖਤਾਂ ਦੀ ਡੂੰਘਾਈ ਨੂੰ ਮਾਪਣ ਲਈ ਨਾਕਾਫ਼ੀ ਹਨ। ਸਾਹਿਤ ਅਕਾਦਮੀ ਦੀ ਉਪ ਪ੍ਰਧਾਨ ਕੁਮੁਮ ਸ਼ਰਮਾ ਨੇ ਕਿਹਾ ਕਿ ਸ੍ਰੀ ਸ਼ੁਕਲਾ ਨੇ ਵਿਅੰਗ ਨੂੰ ਇਕ ਹਥਿਆਰ ਵਜੋਂ ਵਰਤਿਆ ਅਤੇ ਸੈਂਠਵਿਆਂ ਤੋਂ ਬਾਅਦ ਭਾਰਤ ਦੀਆਂ ਰਾਜਨੀਤਕ ਅਤੇ ਸਮਾਜਿਕ ਸਥਿਤੀਆਂ ਨੂੰ ਸਾਰਿਆਂ ਦੇ ਸਾਹਮਣੇ ਰੱਖਿਆ। ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ ਮਮਤਾ ਕਾਲੀਆ ਨੇ ਕਿਹਾ ਕਿ ਸ੍ਰੀ ਲਾਲ ਸ਼ੁਕਲਾ ਇਕ ਬਹੁਤ ਵਧੀਆ ਵਿਅਕਤੀ ਅਤੇ ਲੇਖਕ ਸਨ। ਉਨ੍ਹਾਂ ਦੇ ਸ਼ਬਦ ਮਜ਼ਾਕੀਆ ਸਨ। ਇਸ ਮੌਕੇ ਸ਼ੈਲੇਂਦਰ ਸਾਗਰ ਅਤੇ ਅਖਿਲੇਸ਼ ਨੇ ਵੀ ਸ੍ਰੀ ਲਾਲ ਸ਼ੁਕਲਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸ੍ਰੀ ਲਾਲ ਸ਼ੁਕਲਾ ਦੇ ਨਾਵਲਾਂ 'ਤੇ ਕੇਂਦ੍ਰਿਤ ਸੈਸ਼ਨ ਪ੍ਰਧਾਨਗੀ ਕਰਦੇ ਹੋਏ ਨਿਤਿਆਨੰਦ ਤਿਵਾੜੀ ਨੇ ਕਿਹਾ ਕਿ ਰਾਗ ਦਰਬਾਰੀ ਦੀ ਪੂਰੀ ਬਣਤਰ ਵਿਅੰਗ ਹੈ। ਇਸ ਤੋਂ ਇਲਾਵਾ ਰੇਖਾ ਅਵਸਥੀ, ਸੁਭਾਸ਼ ਚੰਦਰ ਅਤੇ ਰਾਜ ਕੁਮਾਰ ਗੌਤਮ ਨੇ ਵੀ ਸ੍ਰੀ ਲਾਲ ਸ਼ੁਕਲਾ ਦੀ ਸ਼ਖ਼ਸੀਅਤ ਅਤੇ ਰਚਨਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸੈਮੀਨਾਰ ਦਾ ਸੰਚਾਲਨ ਅਕਾਦਮੀ ਦੇ ਡਿਪਟੀ ਸਕੱਤਰ ਦੇਵੇਂਦਰ ਕੁਮਾਰ ਦੇਵੇਸ਼ ਦੁਆਰਾ ਕੀਤਾ ਗਿਆ। ਪ੍ਰੋਗਰਾਮ ਵਿਚ ਸ਼ੁਕਲਾ ਜੀ ਦੇ ਪਰਿਵਾਰਕ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਚ ਲੇਖਕ, ਸਾਹਿਤ ਪ੍ਰੇਮੀ ਅਤੇ ਵਿਦਿਆਰਥੀ ਮੌਜੂਦ ਸਨ।